
medicare

# ਆਪਣੇ ਡਾਕਟਰ ਨਾਲ 60-ਦਿਨਾਂ ਦੀ ਦਵਾਈ ਲਈ ਪਰਚੀਆਂ ਬਾਰੇ ਗੱਲਬਾਤ ਸ਼ੁਰੂ ਕਰਨਾ



## ਫਾਰਮਾਸਿਊਟੀਕਲ ਬੈਨੀਫਿਟਸ ਸਕੀਮ (PBS) ਅਤੇ 60-ਦਿਨਾਂ ਦੀ ਦਵਾਈ ਲਈ ਪਰਚੀਆਂ

ਫਾਰਮਾਸਿਊਟੀਕਲ ਬੈਨੀਫਿਟਸ ਸਕੀਮ (PBS) ਆਸਟ੍ਰੇਲੀਆ ਸਰਕਾਰ ਦਾ ਇੱਕ ਪ੍ਰੋਗਰਾਮ ਹੈ ਜੋ 900 ਤੋਂ ਵੱਧ ਪਰਚੀ ਤੇ ਮਿਲਣ ਵਾਲੀਆਂ ਦਵਾਈਆਂ ਨੂੰ ਸਬਸਿਡੀ ਦਿੰਦਾ ਹੈ, ਜਿਸ ਨਾਲ ਜ਼ਰੂਰੀ ਦਵਾਈਆਂ ਨੂੰ ਵਧੇਰੇ ਕਿਫਾਇਤੀ ਬਣਾਉਣ ਵਿੱਚ ਮਦਦ ਮਿਲਦੀ ਹੈ। ਇਹ ਤੁਹਾਡੇ ਸਿਹਤ ਸੰਭਾਲ ਖਰਚਿਆਂ ਨੂੰ ਘਟਾਉਣ ਵਿੱਚ ਮਹੱਤਵਪੂਰਨ ਫ਼ਰਕ ਪਾਉਂਦਾ ਹੈ।






## 60-ਦਿਨਾਂ ਦੀ ਦਵਾਈ ਲਈ ਪਰਚੀਆਂ ਕੀ ਹਨ?

ਲਗਭਗ 300 PBS ਦਵਾਈਆਂ 60-ਦਿਨਾਂ ਦੀ ਦਵਾਈ ਵਾਲੀ ਪਰਚੀਆਂ ਲਈ ਉਪਲਬਧ ਹਨ। ਜੇਕਰ ਤੁਹਾਨੂੰ ਨਿਰੰਤਰ ਰਹਿਣ ਵਾਲੀ, ਪਰ ਸਥਿਰ ਸਿਹਤ ਸਮੱਸਿਆ ਹੈ ਤਾਂ ਤੁਸੀਂ ਇੱਕ ਪਰਚੀ 'ਤੇ ਆਪਣੀ ਦਵਾਈ ਦੀ 60 ਦਿਨਾਂ ਦੀ ਸਪਲਾਈ ਪ੍ਰਾਪਤ ਕਰ ਸਕਦੇ ਹੋ। ਇਸਦੇ ਲਾਭਾਂ ਵਿੱਚ ਸ਼ਾਮਲ ਹਨ:

- ਫਾਰਮੇਸੀ ਦੇ ਘੱਟ ਦੌਰੇ।
- ਸਮਾਂ ਅਤੇ ਪੈਸੇ ਦੀ ਬਚਤ।

**ਇਹ ਗਾਈਡ ਤੁਹਾਨੂੰ ਵਿਹਾਰਕ ਸੁਝਾਵਾਂ ਅਤੇ ਗੱਲਬਾਤ ਸ਼ੁਰੂ ਕਰਨ ਵਿੱਚ ਮਦਦ ਕਰਨ ਲਈ ਹੈ, ਤਾਂ ਜੋ ਤੁਸੀਂ ਆਪਣੇ ਡਾਕਟਰ ਨਾਲ 60-ਦਿਨਾਂ ਦੀ ਦਵਾਈ ਲਈ ਪਰਚੀਆਂ ਬਾਰੇ ਵਿਸ਼ਵਾਸ ਨਾਲ ਗੱਲ ਕਰ ਸਕੋ। ਆਓ ਇਸਨੂੰ ਇਕੱਠੇ ਸਮਝੀਏ।**

# ਆਪਣੇ ਡਾਕਟਰ ਨਾਲ ਗੱਲਬਾਤ ਸ਼ੁਰੂ ਕਰਨਾ

ਦਵਾਈ ਦੀ ਪਰਚੀਆਂ ਬਾਰੇ ਗੱਲ ਕਰਨਾ ਔਖਾ ਲੱਗ ਸਕਦਾ ਹੈ, ਪਰ ਇਸ ਤਰ੍ਹਾਂ ਮਹਿਸੂਸ ਹੋਣਾ ਜ਼ਰੂਰੀ ਨਹੀਂ ਹੈ। ਤੁਹਾਡਾ ਡਾਕਟਰ ਤੁਹਾਡੀ ਸਹਾਇਤਾ ਲਈ ਮੌਜੂਦ ਹੈ। ਸਹੀ ਸਵਾਲ ਪੁੱਛ ਕੇ ਅਤੇ 60-ਦਿਨਾਂ ਦੀ ਦਵਾਈ ਲਈ ਪਰਚੀਆਂ ਵਰਗੇ ਵਿਕਲਪਾਂ ਦੀ ਪੜਚੋਲ ਕਰਕੇ, ਤੁਸੀਂ ਆਪਣੀ ਸਿਹਤ ਸੰਭਾਲ ਦਾ ਕੰਟਰੋਲ ਆਪਣੇ ਹੱਥ ਵਿੱਚ ਲੈ ਸਕਦੇ ਹੋ ਅਤੇ ਸੂਚਿਤ ਫੈਸਲੇ ਲੈ ਸਕਦੇ ਹੋ।

ਵਧੇਰੇ ਕਿਫਾਇਤੀ, ਪਹੁੰਚਯੋਗ ਦਵਾਈਆਂ ਦੇ ਲਾਭਾਂ ਦਾ ਆਨੰਦ ਲੈਣ ਲਈ ਅੱਜ ਹੀ ਗੱਲਬਾਤ ਸ਼ੁਰੂ ਕਰੋ।

ਤੁਹਾਡੀ ਅਗਲੀ ਨਿਯਮਤ ਮੁਲਾਕਾਤ ਦੌਰਾਨ ਇਸ ਚਰਚਾ ਨੂੰ ਸ਼ੁਰੂ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਕੁਝ ਸੁਝਾਅ ਹਨ।

- **ਆਪਣੇ ਡਾਕਟਰ** ਨੂੰ 60-ਦਿਨਾਂ ਦੀ ਦਵਾਈ ਵਾਲੀਆਂ ਪਰਚੀਆਂ ਬਾਰੇ ਪੁੱਛੋ ਅਤੇ ਚਰਚਾ ਕਰੋ ਕਿ ਉਹ ਤੁਹਾਡੇ ਲਈ ਕਿਵੇਂ ਲਾਹੇਵੰਦ ਹੋ ਸਕਦੀਆਂ ਹਨ।
- ਆਪਣੇ **ਸਵਾਲ ਪਹਿਲਾਂ ਤੋਂ ਹੀ ਤਿਆਰ ਕਰੋ।** ਯੋਗਤਾ, ਜਨੈਰਿਕ ਦਵਾਈ ਦੇ ਵਿਕਲਪਾਂ, ਜਾਂ PBS ਸੇਫਟੀ ਨੈੱਟ ਤੁਹਾਡੇ 'ਤੇ ਕਿਵੇਂ ਲਾਗੂ ਹੁੰਦਾ ਹੈ, ਬਾਰੇ ਪੁੱਛਣ 'ਤੇ ਵਿਚਾਰ ਕਰੋ।
- ਆਪਣੇ ਡਾਕਟਰ ਜਾਂ ਫਾਰਮਾਸਿਸਟ ਨੂੰ ਤੁਹਾਡੀ ਇਲਾਜ ਯੋਜਨਾ ਦੀ ਪ੍ਰਭਾਵਸ਼ਾਲੀ ਢੰਗ ਨਾਲ ਸਮੀਖਿਆ ਕਰਨ ਵਿੱਚ ਮਦਦ ਕਰਨ ਲਈ **ਆਪਣੀਆਂ ਮੌਜੂਦਾ ਦਵਾਈਆਂ ਦੀ ਇੱਕ ਸੂਚੀ ਨਾਲ ਲਿਆਓ।**

ਕੀ ਆਪਾਂ ਮੇਰੀਆਂ ਦਵਾਈਆਂ ਨੂੰ ਹੋਰ ਕਿਫਾਇਤੀ ਬਣਾਉਣ ਦੇ ਤਰੀਕਿਆਂ ਬਾਰੇ ਗੱਲ ਕਰ ਸਕਦੇ ਹਾਂ?

ਕੀ ਮੈਨੂੰ ਲੋੜੀਂਦੀਆਂ ਦਵਾਈਆਂ 60-ਦਿਨਾਂ ਦੀ ਦਵਾਈ ਵਾਲੀ ਪਰਚੀ 'ਤੇ ਉਪਲਬਧ ਹਨ, ਅਤੇ ਕੀ ਮੈਂ ਯੋਗ ਹਾਂ?



## ਚਰਚਾ ਕਰਨ ਲਈ ਮੁੱਖ ਵਿਸ਼ੇ

### 1. 60-ਦਿਨਾਂ ਦੀ ਦਵਾਈ ਲਈ ਪਰਚੀਆਂ

ਬਹੁਤ ਸਾਰੀਆਂ ਦਵਾਈਆਂ 60-ਦਿਨਾਂ ਦੀ ਦਵਾਈ ਲਈ ਪਰਚੀਆਂ ਵਾਸਤੇ ਉਪਲਬਧ ਹਨ। ਆਪਣੇ ਡਾਕਟਰ ਨੂੰ ਪੁੱਛੋ ਕਿ ਕੀ ਤੁਹਾਡੀ ਦਵਾਈ ਸੂਚੀਬੱਧ ਹੈ।

**60-ਦਿਨਾਂ ਦੀ ਦਵਾਈ ਲਈ ਪਰਚੀਆਂ ਦੇ ਲਾਭ:**

- ਫਾਰਮੇਸੀ ਦੇ ਘੱਟ ਦੌਰੇ।
- ਸਮੇਂ ਦੇ ਨਾਲ ਲਾਗਤਾਂ ਦਾ ਘਟਣਾ ।

**ਸੁਝਾਅ:** ਜੇਕਰ ਤੁਹਾਨੂੰ 60-ਦਿਨਾਂ ਦੀਆਂ ਦਵਾਈਆਂ ਮਿਲ ਰਹੀਆਂ ਹਨ, ਤਾਂ ਆਪਣੇ ਡਾਕਟਰ ਨੂੰ ਸਹਿਜੇ ਨਾਲ ਯਾਦ ਦਿਵਾਓ ਕਿ ਉਹ ਇਨ੍ਹਾਂ ਨੂੰ ਦੇਣਾ ਜਾਰੀ ਰੱਖਣ।

ਕੀ ਇਹ ਦਵਾਈ ਜੋ ਤੁਸੀਂ ਦੇ ਰਹੇ ਹੋ, 60 ਦਿਨਾਂ ਦੀ ਦਵਾਈ ਵਾਲੀ ਪਰਚੀ ਨਾਲ ਉਪਲਬਧ ਹੈ?

ਮੈਨੂੰ ਇਹ ਦਵਾਈ 60-ਦਿਨਾਂ ਦੀ ਦਵਾਈ ਵਾਲੀ ਪਰਚੀ ਤੇ ਮਿਲ ਰਹੀ ਹੈ। ਕੀ ਮੈਂ 60-ਦਿਨਾਂ ਦੀ ਦਵਾਈ ਵਾਲੀ ਪਰਚੀ ਲੈਣੀ ਜਾਰੀ ਰੱਖ ਸਕਦਾ ਹਾਂ?

### 2. ਫਾਰਮਾਸਿਊਟੀਕਲ ਬੈਨੀਫਿਟਸ ਸਕੀਮ (PBS)

PBS ਦਵਾਈਆਂ ਦੀ ਲਾਗਤ ਘਟਾਉਣ ਵਿੱਚ ਮਦਦ ਕਰਦਾ ਹੈ। ਆਪਣੇ ਡਾਕਟਰ ਨੂੰ ਪੁੱਛੋ ਕਿ ਕੀ ਸਸਤੇ ਵਿਕਲਪ ਉਪਲਬਧ ਹਨ, ਜਿਵੇਂ ਕਿ ਜਨੈਰਿਕ ਦਵਾਈਆਂ।



ਕੀ ਇਸ ਦਵਾਈ ਦਾ ਕੋਈ PBS-ਸੂਚੀਬੱਧ, ਜਨੈਰਿਕ ਵਿਕਲਪ ਹੈ?

# ਆਪਣੀਆਂ ਦਵਾਈਆਂ ‘ਤੇ ਬੱਚਤ ਕਰਨ ਦੇ ਹੋਰ ਤਰੀਕਿਆਂ ਬਾਰੇ ਆਪਣੇ ਫਾਰਮਾਸਿਸਟ ਨਾਲ ਗੱਲ ਕਰੋ।

### 3. PBS ਸੇਫਟੀ ਨੈੱਟ

ਇੱਕ ਵਾਰ ਜਦੋਂ ਤੁਸੀਂ ਜਾਂ ਤੁਹਾਡਾ ਪਰਿਵਾਰ ਇੱਕ ਕੈਲੰਡਰ ਸਾਲ ਵਿੱਚ PBS ਦਵਾਈਆਂ ‘ਤੇ 1,694.00 ਡਾਲਰ ਖਰਚ ਕਰਦੇ ਹੋ, ਤਾਂ ਤੁਸੀਂ PBS ਸੇਫਟੀ ਨੈੱਟ ਲਈ ਯੋਗ ਹੋ ਸਕਦੇ ਹੋ, ਜੋ ਲਾਗਤਾਂ ਨੂੰ ਹੋਰ ਘਟਾਉਂਦਾ ਹੈ। ਕਨਸੈਸ਼ਨ ਕਾਰਡ ਧਾਰਕਾਂ ਲਈ, 2025 ਲਈ ਇਹ ਸੀਮਾ 277.20 ਡਾਲਰ ਹੈ।


ਹੋਰ ਵੇਰਵਿਆਂ ਲਈ, servicesaustralia.gov.au/pbs-safety-net-thresholds.

ਇਸ ਸਾਲ ਮੈਂ PBS ਸੇਫਟੀ ਨੈੱਟ ਤੱਕ ਪਹੁੰਚਣ ਦੇ ਕਿੰਨੇ ਨੇੜੇ ਹਾਂ?

ਮੇਰੇ ਕੋਲ ਇੱਕ ਕਨਸੈਸ਼ਨ ਕਾਰਡ ਹੈ ਅਤੇ ਮੈਨੂੰ ਪਹਿਲਾਂ ਹੀ ਸਸਤੀਆਂ ਦਵਾਈਆਂ ਮਿਲਦੀਆਂ ਹਨ। ਕੀ 60-ਦਿਨਾਂ ਦੀ ਦਵਾਈ ਅਜੇ ਵੀ ਮੇਰੇ ਪੈਸੇ ਬਚਾਏਗੀ?

ਮੈਂ PBS ਸੇਫਟੀ ਨੈੱਟ ਕਾਰਡ ਲਈ ਅਰਜ਼ੀ ਕਿਵੇਂ ਦੇਵਾਂ?

ਕੀ ਇਸ ਦਵਾਈ ਦਾ ਕੋਈ ਜਨੈਰਿਕ ਵਿਕਲਪ ਹੈ?



### 4. ਜਨੈਰਿਕ ਦਵਾਈਆਂ

ਜਨੈਰਿਕ ਦਵਾਈਆਂ ਬ੍ਰਾਂਡ ਵਾਲੀਆਂ ਦਵਾਈਆਂ ਜਿੰਨੀਆਂ ਹੀ ਪ੍ਰਭਾਵਸ਼ਾਲੀ ਹੁੰਦੀਆਂ ਹਨ ਪਰ ਅਕਸਰ ਬਹੁਤ ਸਸਤੀਆਂ ਹੁੰਦੀਆਂ ਹਨ।

## ਗੱਲਬਾਤ ਦੀਆਂ ਰੁਕਾਵਟਾਂ ਨੂੰ ਦੂਰ ਕਰਨਾ

ਤੁਹਾਨੂੰ ਪਤਾ ਨਹੀਂ ਕਿ ਗੱਲ ਕਿਵੇਂ ਸ਼ੁਰੂ ਕਰਨੀ ਹੈ? ਇੱਥੇ ਕੁਝ ਵਿਚਾਰ ਹਨ:


ਕੀ ਮੇਰੀ ਦਵਾਈ ਦੀ ਲਾਗਤ ਘਟਾਉਣ ਦੇ ਕੋਈ ਤਰੀਕੇ ਹਨ?



ਮੈਂ 60-ਦਿਨਾਂ ਦੀ ਦਵਾਈ ਬਾਰੇ ਸੁਣਿਆ ਹੈ ਅਤੇ ਜਾਣਨਾ ਚਾਹੁੰਦਾ ਹਾਂ ਕਿ ਕੀ ਮੈਂ ਯੋਗ ਹਾਂ।

ਕੀ ਤੁਸੀਂ ਮੈਨੂੰ ਇਹ ਸਮਝਣ ਵਿੱਚ ਮਦਦ ਕਰ ਸਕਦੇ ਹੋ ਕਿ PBS ਸੇਫਟੀ ਨੈੱਟ ਕੀ ਹੈ ਅਤੇ ਇਹ ਮੇਰੇ ਲਈ ਕਿਵੇਂ ਫਾਇਦੇਮੰਦ ਹੈ?

ਕੀ ਤੁਹਾਨੂੰ ਲੱਗਦਾ ਹੈ ਕਿ ਮੇਰੇ ਲਈ 60-ਦਿਨਾਂ ਦੀ ਦਵਾਈ ਲਈ ਪਰਚੀ ਸਹੀ ਰਹੇਗੀ ?



## ਅਗਲੇ ਕਦਮ

1. **ਆਪਣੇ ਡਾਕਟਰ ਨੂੰ ਮਿਲਣ ਦਾ ਸਮਾਂ ਬੰਨ੍ਹੋ।** ਆਪਣੀਆਂ ਦਵਾਈਆਂ ਦੀ ਸਮੀਖਿਆ ਕਰੋ ਅਤੇ 60-ਦਿਨਾਂ ਦੀ ਦਵਾਈ ਬਾਰੇ ਚਰਚਾ ਕਰੋ।
2. **ਆਪਣੀ ਯੋਗਤਾ ਦੀ ਜਾਂਚ ਕਰੋ।** ਹੋਰ ਜਾਣਨ ਲਈ health.gov.au/cheapermedicines ‘ਤੇ ਜਾਓ।
3. **ਆਪਣੇ ਫਾਰਮਾਸਿਸਟ ਨਾਲ ਗੱਲ ਕਰੋ।** ਉਹ ਦਵਾਈਆਂ ਦੇ ਪ੍ਰਬੰਧਨ ਲਈ ਇੱਕ ਵਧੀਆ ਸਰੋਤ ਹਨ। ਉਹ ਤੁਹਾਡੀਆਂ ਲਾਗਤਾਂ ਅਤੇ PBS ਸੁਰੱਖਿਆ ਨੈੱਟ ਨੂੰ ਸਮਝਣ ਵਿੱਚ ਵੀ ਤੁਹਾਡੀ ਮਦਦ ਕਰ ਸਕਦੇ ਹਨ।

# ਬਹੁ-ਭਾਸ਼ਾਈ ਸਰੋਤਾਂ ਤੱਕ ਪਹੁੰਚ ਕਰਨਾ

ਕੀ ਤੁਸੀਂ ਜਾਣਦੇ ਹੋ ਕਿ PBS ਅਤੇ 60-ਦਿਨਾਂ ਦੀ ਦਵਾਈ ਲਈ ਪਰਚੀਆਂ ਬਾਰੇ ਸਰੋਤ ਕਈ ਭਾਸ਼ਾਵਾਂ ਵਿੱਚ ਉਪਲਬਧ ਹਨ? ਤੁਹਾਡਾ ਡਾਕਟਰ ਜਾਂ ਫਾਰਮਾਸਿਸਟ ਤੁਹਾਡੇ ਵਿਕਲਪਾਂ ਨੂੰ ਬਿਹਤਰ ਢੰਗ ਨਾਲ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇਹ ਸਮੱਗਰੀ ਪ੍ਰਦਾਨ ਕਰ ਸਕਦੇ ਹਨ।

ਹੋਰ ਜਾਣਕਾਰੀ ਲਈ health.gov.au/cheapermedicines/translated ‘ਤੇ ਜਾਓ।










**ਹੋਰ ਜਾਣਕਾਰੀ ਲਈ :**

health.gov.au/cheapermedicines

**‘ਤੇ ਜਾਓ।**

**ਪੰਜਾਬੀ ਭਾਸ਼ਾ ਦੇ ਸਰੋਤਾਂ ਲਈ :**

health.gov.au/cheapermedicines/translated

**‘ਤੇ ਜਾਓ।**